ਟੀਕੇ ਦੇ ਬਾਰੇ ਸੂਚਨਾ ਸੰਬੰਧੀ ਵੇਰਵਾ

# MMR (ਖਸਰਾ, ਮੰਪਸ, ਅਤੇ ਰੁਬੇਲਾ): ਤੁਹਾਡੇ ਲਈ ਕੀ ਜਾਣਨਾ ਜ਼ਰੂਰੀ ਹੈ

ਟੀਕੇ ਦੇ ਬਾਰੇ ਸੂਚਨਾ ਸੰਬੰਧੀ ਵੇਰਵੇ ਸਪੇਨਿਸ਼ ਅਤੇ ਹੋਰ ਭਾਸ਼ਾਵਾਂ ਵਿੱਚ ਉਪਲੱਬਧ ਹਨ।
www.immunize.org/vis 'ਤੇ ਜਾਓ

Hojas de información sobre vacunas están disponibles en español y en muchos otros idiomas. Visite www.immunize.org/vis

## 1. ਟੀਕਾ ਕਿਉਂ ਲਗਵਾਉਣਾ ਚਾਹੀਦਾ ਹੈ?

**MMR ਵੈਕਸੀਨ ਖਸਰਾ, ਮੰਪਸ, ਅਤੇ ਰੁਬੇਲਾ ਨੂੰ ਰੋਕ ਸਕਦੀ ਹੈ।**

- **ਖਸਰਾ** (M) ਤੋਂ ਬੁਖਾਰ, ਖਾਂਸੀ, ਨੱਕ ਵਗਦਾ, ਅਤੇ ਅੱਖਾਂ ਦਾ ਲਾਲ ਹੋਣਾ ਅਤੇ ਉਨ੍ਹਾਂ ਤੋਂ ਪਾਣੀ ਵਗਣ ਲਗਦਾ ਹੈ, ਜਿਸ ਤੋਂ ਬਾਅਦ ਆਮ ਤੌਰ 'ਤੇ ਪੂਰੇ ਸਰੀਰ ਤੇ ਪਿੱਤ ਹੋ ਜਾਂਦੀ ਹੈ। ਇਸ ਕਰਕੇ ਦੌਰੇ ਪੈਣਾ (ਅਕਸਰ ਬੁਖਾਰ ਨਾਲ ਸੰਬੰਧਿਤ), ਕੰਨ ਦੀ ਲਾਗ, ਦਸਤ, ਅਤੇ ਨਮੂਨੀਆ ਹੋ ਸਕਦਾ ਹੈ। ਕਦੇ-ਕਦਾਈਂ, ਖਸਰੇ ਨਾਲ ਦਿਮਾਗ ਨੂੰ ਨੁਕਸਾਨ ਪਹੁੰਚ ਸਕਦਾ ਹੈ ਜਾਂ ਮਰੀਜ਼ ਦੀ ਮੌਤ ਹੋ ਸਕਦੀ ਹੈ।
- **ਮੰਪਸ** (M) ਕਰਕੇ ਬੁਖਾਰ, ਸਿਰ ਦਰਦ, ਮਾਸਪੇਸ਼ੀਆਂ ਵਿੱਚ ਦਰਦ, ਥਕਾਵਟ, ਭੁੱਖ ਨਾ ਲੱਗਣਾ, ਅਤੇ ਕੰਨਾਂ ਦੇ ਹੇਠਾਂ ਲਾਰ ਗ੍ਰੰਥੀਆਂ ਵਿੱਚ ਸੋਜ ਆ ਜਾਂਦੀ ਹੈ ਅਤੇ ਉਹ ਕੋਮਲ ਹੋ ਜਾਂਦੀਆਂ ਹਨ। ਇਸ ਕਰਕੇ ਬੋਲ਼ੇਪਣ, ਦਿਮਾਗ ਅਤੇ/ਜਾਂ ਰੀੜ੍ਹ ਦੀ ਹੱਡੀ ਦੀ ਕਵਰਿੰਗ ਦੀ ਸੋਜ, ਅੰਡਕੋਸ਼ ਜਾਂ ਅੰਡਾਸ਼ਯ ਵਿੱਚ ਦਰਦ ਦੇ ਨਾਲ ਸੋਜ, ਅਤੇ ਕਈ ਵਾਰ ਮੌਤ ਹੋ ਸਕਦੀ ਹੈ।
- **ਰੁਬੇਲਾ** (R) ਕਰਕੇ ਬੁਖਾਰ, ਗਲੇ ਵਿੱਚ ਸੋਜ, ਪਿੱਤ, ਸਿਰ ਦਰਦ ਅਤੇ ਅੱਖਾਂ ਵਿੱਚ ਜਲਣ ਹੁੰਦੀ ਹੈ। ਇਸ ਕਰਕੇ ਲਗਭਗ ਅੱਧਿਆਂ ਕਿਸ਼ੋਰ ਅਤੇ ਬਾਲਗ ਔਰਤਾਂ ਵਿੱਚ ਗਠੀਆ ਰੋਗ ਹੋ ਸਕਦਾ ਹੈ। ਜੇਕਰ ਕਿਸੇ ਔਰਤ ਨੂੰ ਗਰਭ ਅਵਸਥਾ ਦੌਰਾਨ ਰੁਬੈਲਾ ਹੋ ਜਾਂਦਾ ਹੈ, ਤਾਂ ਉਸਦਾ ਗਰਭਪਾਤ ਹੋ ਸਕਦਾ ਹੈ ਜਾਂ ਬੱਚਾ ਗੰਭੀਰ ਜਨਮ ਸੰਬੰਧੀ ਵਿਕਾਰਾਂ ਨਾਲ ਪੈਦਾ ਹੋ ਸਕਦਾ ਹੈ।

ਜ਼ਿਆਦਾਤਰ ਲੋਕ ਜਿਨ੍ਹਾਂ ਨੂੰ MMR ਦਾ ਟੀਕਾ ਲਗਿਆ ਹੈ, ਉਨ੍ਹਾਂ ਨੂੰ ਜੀਵਨਭਰ ਦੀ ਸੁਰੱਖਿਆ ਮਿਲ ਜਾਂਦੀ ਹੈ। ਵੈਕਸੀਨ ਅਤੇ ਟੀਕਾਕਰਨ ਦੀਆਂ ਉੱਚ ਦਰਾਂ ਨੇ ਸੰਯੁਕਤ ਰਾਜ ਅਮਰੀਕਾ ਵਿੱਚ ਇਹਨਾਂ ਬਿਮਾਰੀਆਂ ਨੂੰ ਬਹੁਤ ਦੁਰਲੱਭ ਬਣਾ ਦਿੱਤਾ ਹੈ।

## 2. MMR ਵੈਕਸੀਨ

**ਬੱਚਿਆਂ** ਨੂੰ MMR ਵੈਕਸੀਨ ਦੀਆਂ 2 ਖੁਰਾਕਾਂ ਦੀ ਲੋੜ ਹੁੰਦੀ ਹੈ, ਆਮ ਤੌਰ 'ਤੇ:

- ਪਹਿਲੀ ਖੁਰਾਕ 12 ਤੋਂ 15 ਮਹੀਨਿਆਂ ਦੀ ਉਮਰ ਵਿੱਚ ਦਿੱਤੀ ਜਾਂਦੀ ਹੈ।
- ਦੂਜੀ ਖੁਰਾਕ 4 ਤੋਂ 6 ਸਾਲ ਦੀ ਉਮਰ ਵਿੱਚ ਦਿੱਤੀ ਜਾਂਦੀ ਹੈ

**6 ਤੋਂ 11 ਮਹੀਨਿਆਂ ਦੀ ਉਮਰ ਦੇ ਬੱਚੇ ਜੋ ਸੰਯੁਕਤ ਰਾਜ ਅਮਰੀਕਾ ਤੋਂ ਬਾਹਰ ਯਾਤਰਾ ਕਰਨਗੇ,** ਉਨ੍ਹਾਂ ਨੂੰ ਯਾਤਰਾ ਤੋਂ ਪਹਿਲਾਂ MMR ਦੀ ਇੱਕ ਖੁਰਾਕ ਦਿੱਤੀ ਜਾਣੀ ਚਾਹੀਦੀ ਹੈ। ਲੰਬੇ ਸਮੇਂ ਤੱਕ ਚੱਲਣ ਵਾਲੀ ਸੁਰੱਖਿਆ ਲਈ ਇਹਨਾਂ ਬੱਚਿਆਂ ਨੂੰ ਸਿਫ਼ਾਰਿਸ਼ ਕੀਤੀ ਉਮਰ ਵਿੱਚ ਅਜੇ ਵੀ 2 ਵਾਧੂ ਖੁਰਾਕਾਂ ਮਿਲਣੀਆਂ ਚਾਹੀਦੀਆਂ ਹਨ।

**ਵੱਡੀ ਉਮਰ ਦੇ ਬੱਚਿਆਂ, ਕਿਸ਼ੋਰਾਂ**, ਅਤੇ **ਬਾਲਗਾਂ** ਨੂੰ ਵੀ MMR ਵੈਕਸੀਨ ਦੀਆਂ 1 ਜਾਂ 2 ਖੁਰਾਕਾਂ ਦੀ ਲੋੜ ਹੁੰਦੀ ਹੈ ਜੇਕਰ ਉਹ ਪਹਿਲਾਂ ਹੀ ਖਸਰੇ, ਮੰਪਸ ਅਤੇ ਰੁਬੇਲਾ ਤੋਂ ਪ੍ਰਤੀਰੋਧਕ ਨਹੀਂ ਹਨ। ਤੁਹਾਡਾ ਡਾਕਟਰ ਇਹ ਨਿਰਧਾਰਤ ਕਰਨ ਵਿੱਚ ਤੁਹਾਡੀ ਮਦਦ ਕਰ ਸਕਦਾ ਹੈ ਕਿ ਤੁਹਾਨੂੰ ਕਿੰਨੀ ਖੁਰਾਕ ਦੀ ਲੋੜ ਹੈ।

ਮੰਪਸ ਦੀ ਲਾਗ ਦੇ ਮਾਮਲਿਆਂ ਵਿੱਚ ਕੁਝ ਲੋਕਾਂ ਲਈ MMR ਦੀ ਤੀਜੀ ਖੁਰਾਕ ਦੀ ਸਲਾਹ ਦਿੱਤੀ ਜਾ ਸਕਦੀ ਹੈ।

MMR ਵੈਕਸੀਨ ਨੂੰ ਹੋਰ ਵੈਕਸੀਨਾਂ ਨਾਲ ਦਿੱਤਾ ਜਾ ਸਕਦਾ ਹੈ। 12 ਮਹੀਨਿਆਂ ਤੋਂ 12 ਸਾਲ ਦੀ ਉਮਰ ਦੇ ਬੱਚਿਆਂ ਨੂੰ ਇੱਕ ਹੀ ਸ਼ਾਟ ਵਿੱਚ ਵੈਰੀਸੈਲਾ ਵੈਕਸੀਨ ਦੇ ਨਾਲ MMR ਵੈਕਸੀਨ ਮਿਲ ਸਕਦੀ ਹੈ, ਜਿਸਨੂੰ MMR ਵੀ ਕਿਹਾ ਜਾਂਦਾ ਹੈ। ਤੁਹਾਡਾ ਡਾਕਟਰ ਤੁਹਾਨੂੰ ਹੋਰ ਜਾਣਕਾਰੀ ਦੇ ਸਕਦਾ ਹੈ।

## 3. ਆਪਣੇ ਡਾਕਟਰ ਨਾਲ ਗੱਲ ਕਰੋ

ਤੁਹਾਨੂੰ ਟੀਕਾ ਲਗਾਉਣ ਵਾਲੇ ਵਿਅਕਤੀ ਨੂੰ ਦੱਸੋ ਕਿ ਟੀਕਾ ਲਗਵਾਉਣ ਵਾਲੇ ਵਿਅਕਤੀ:

- ਕੀ ਉਸ ਨੂੰ **MMR ਵੈਕਸੀਨ ਦੀ ਪਿਛਲੀ ਖੁਰਾਕ ਤੋਂ ਬਾਅਦ ਕਦੇ ਐਲਰਜੀ ਪ੍ਰਤੀਕਿਰਿਆ**, ਜਾਂ ਕੋਈ **ਜਾਨਲੇਵਾ, ਗੰਭੀਰ ਐਲਰਜੀ ਤਾਂ ਨਹੀਂ ਹੋਈ ਸੀ**
- ਗਰਭਵਤੀ ਹੈ ਜਾਂ ਮੰਨਦੀ ਹੈ ਕਿ ਉਹ ਗਰਭਵਤੀ ਹੋ ਸਕਦੀ ਹੈ - ਗਰਭਵਤੀ ਔਰਤਾਂ ਨੂੰ MMR ਵੈਕਸੀਨ ਨਹੀਂ ਲੈਣੀ ਚਾਹੀਦੀ
- ਉਸਦੀ **ਪ੍ਰਤੀਰੱਖਿਆ ਪ੍ਰਣਾਲੀ ਕਮਜ਼ੋਰ ਹੈ,** ਜਾਂ **ਉਸ ਦੇ ਮਾਤਾ-ਪਿਤਾ, ਭਰਾ ਜਾਂ ਭੈਣ ਦਾ ਖ਼ਾਨਦਾਨੀ ਜਾਂ ਪੈਦਾਇਸ਼ੀ ਪ੍ਰਤੀਰੱਖਿਆ ਪ੍ਰਣਾਲੀ ਨਾਲ ਸੰਬੰਧਿਤ ਸਮੱਸਿਆਵਾਂ ਦਾ ਇਤਿਹਾਸ ਹੈ**
- ਉਸ ਦੀ ਹਾਲਤ ਅਜਿਹੀ ਹੈ ਜਿਸ ਕਾਰਨ ਉਸ ਨੂੰ ਆਸਾਨੀ ਨਾਲ ਸੱਟ ਲੱਗ ਜਾਂਦੀ ਹੈ ਜਾਂ ਖੂਨ ਵਗਣ ਲਗਦਾ ਹੈ
- **ਹਾਲ ਹੀ ਵਿੱਚ** ਉਸਨੂੰ **ਖੂਨ ਚੜ੍ਹਾਇਆ ਗਿਆ ਸੀ ਜਾਂ ਹੋਰ ਖੂਨ ਦੇ ਉਤਪਾਦ ਦਿੱਤੇ ਗਏ ਸਨ**
- ਉਸ ਨੂੰ ਟੀਬੀ ਹੈ
- **ਪਿਛਲੇ 4 ਹਫ਼ਤਿਆਂ ਵਿੱਚ** ਉਸ ਨੇ **ਕੋਈ ਵੈਕਸੀਨ ਨਹੀਂ ਲਗਵਾਈ ਹੈ**

ਕੁਝ ਮਾਮਲਿਆਂ ਵਿੱਚ, ਤੁਹਾਡਾ ਡਾਕਟਰ ਅਗਲੀ ਮੁਲਾਕਾਤ ਤੱਕ MMR ਟੀਕਾਕਰਨ ਨੂੰ ਮੁਲਤਵੀ ਕਰਨ ਦਾ ਫੈਸਲਾ ਕਰ ਸਕਦਾ ਹੈ।

ਜ਼ੁਕਾਮ ਵਰਗੀ ਮਾਮੂਲੀ ਬੀਮਾਰੀ ਵਾਲੇ ਲੋਕਾਂ ਨੂੰ ਵੈਕਸੀਨ ਦਿੱਤੀ ਜਾ ਸਕਦੀ ਹੈ। ਜਿਨ੍ਹਾਂ ਲੋਕਾਂ ਨੂੰ ਆਮ ਜਾਂ ਗੰਭੀਰ ਬੀਮਾਰੀ ਹੈ ਉਹਨਾਂ ਨੂੰ ਆਮ ਤੌਰ 'ਤੇ MMR ਵੈਕਸੀਨ ਲੈਣ ਤੋਂ ਪਹਿਲਾਂ ਬਿਮਾਰੀ ਦੇ ਠੀਕ ਹੋਣ ਤੱਕ ਉਡੀਕ ਕਰਨੀ ਚਾਹੀਦੀ ਹੈ।

ਤੁਹਾਡਾ ਡਾਕਟਰ ਤੁਹਾਨੂੰ ਹੋਰ ਜਾਣਕਾਰੀ ਦੇ ਸਕਦਾ ਹੈ।

## 4. ਟੀਕੇ ਤੋਂ ਪ੍ਰਤੀਕਿਰਿਆ ਹੋਣ ਦੇ ਜੋਖਮ

- ਵੈਕਸੀਨ ਕਰਕੇ ਬਾਂਹ ਦੀ ਸੋਜ ਜਾਂ ਉਸ ਥਾਂ ਤੇ ਲਾਲੀ ਆ ਸਕਦੀ ਹੈ ਜਿੱਥੇ ਟੀਕਾ ਲਗਾਇਆ ਗਿਆ ਹੈ, ਅਤੇ MMR ਟੀਕਾਕਰਨ ਤੋਂ ਬਾਅਦ ਮਾਮੂਲੀ ਪਿੱਤ ਹੋ ਸਕਦੀ ਹੈ।

U.S. Department of Health and Human Services
Centers for Disease Control and Prevention

- MMR ਟੀਕਾਕਰਨ ਤੋਂ ਬਾਅਦ ਕਦੇ-ਕਦੇ ਗੱਲ੍ਹਾਂ ਜਾਂ ਗਰਦਨ ਵਿੱਚ ਗ੍ਰੰਥੀਆਂ ਵਿੱਚ ਸੋਜ ਜਾਂ ਜੋੜਾਂ ਵਿੱਚ ਅਸਥਾਈ ਦਰਦ ਅਤੇ ਕਠੋਰਤਾ (ਜ਼ਿਆਦਾਤਰ ਕਿਸ਼ੋਰਾਂ ਜਾਂ ਬਾਲਗ ਔਰਤਾਂ ਵਿੱਚ) ਹੋ ਸਕਦੀ ਹੈ।
- ਕਦੇ-ਕਦਾਈਂ ਜ਼ਿਆਦਾ ਗੰਭੀਰ ਪ੍ਰਤੀਕਿਰਿਆਵਾਂ ਹੋ ਸਕਦੀਆਂ ਹਨ। ਇਹਨਾਂ ਵਿੱਚ ਦੌਰੇ ਪੈਣਾ (ਅਕਸਰ ਬੁਖ਼ਾਰ ਨਾਲ ਸੰਬੰਧਿਤ) ਜਾਂ ਪਲੇਟਲੈਟਸ ਦੀ ਗਿਣਤੀ ਅਸਥਾਈ ਤੌਰ 'ਤੇ ਘੱਟ ਹੋ ਸਕਦੀ ਹੈ ਜਿਸ ਨਾਲ ਅਸਧਾਰਨ ਖੂਨ ਵਹਿਣਾ ਜਾਂ ਸੱਟ ਲੱਗ ਸਕਦੀ ਹੈ
- ਗੰਭੀਰ ਪ੍ਰਤੀਰੱਖਿਆ ਪ੍ਰਣਾਲੀ ਸੰਬੰਧੀ ਸਮੱਸਿਆਵਾਂ ਵਾਲੇ ਲੋਕਾਂ ਵਿੱਚ ਇਸ ਵੈਕਸੀਨ ਨਾਲ ਲਾਗਾਂ ਹੋ ਸਕਦੀਆਂ ਹਨ ਜੋ ਜਾਨਲੇਵਾ ਹੋ ਸਕਦਾ ਹੈ। ਗੰਭੀਰ ਪ੍ਰਤੀਰੱਖਿਆ ਪ੍ਰਣਾਲੀ ਸੰਬੰਧੀ ਸਮੱਸਿਆਵਾਂ ਵਾਲੇ ਲੋਕਾਂ ਨੂੰ MMR ਵੈਕਸੀਨ ਨਹੀਂ ਲੈਣੀ ਚਾਹੀਦੀ।

ਟੀਕਾਕਰਨ ਸਮੇਤ ਡਾਕਟਰੀ ਪ੍ਰਕਿਰਿਆਵਾਂ ਤੋਂ ਬਾਅਦ ਕਈ ਵਾਰ ਲੋਕ ਬੇਹੋਸ਼ ਹੋ ਜਾਂਦੇ ਹਨ। ਜੇਕਰ ਤੁਹਾਨੂੰ ਚੱਕਰ ਆ ਰਹੇ ਹਨ ਜਾਂ ਵੇਖਣ ਵਿੱਚ ਕੋਈ ਪਰੇਸ਼ਾਨੀ ਹੋ ਰਹੀ ਹੈ ਜਾਂ ਤੁਹਾਡੇ ਕੰਨਾਂ ਵਿੱਚ ਘੰਟਿਆਂ ਵੱਜ ਰਹੀਆਂ ਹਨ ਤਾਂ ਆਪਣੇ ਡਾਕਟਰ ਨੂੰ ਦੱਸੋ।

ਕਿਸੇ ਵੀ ਦਵਾਈ ਦੀ ਤਰ੍ਹਾਂ, ਵੈਕਸੀਨ ਕਰਕੇ ਗੰਭੀਰ ਐਲਰਜੀ ਪ੍ਰਤੀਕਿਰਿਆ, ਹੋਰ ਗੰਭੀਰ ਸੱਟ, ਜਾਂ ਮੌਤ ਹੋਣ ਦੀ ਸੰਭਾਵਨਾ ਬਹੁਤ ਘੱਟ ਹੁੰਦੀ ਹੈ।

## 5. ਜੇ ਕੋਈ ਗੰਭੀਰ ਸਮੱਸਿਆ ਹੁੰਦੀ ਹੈ ਤਾਂ ਕੀ ਹੋਵੇਗਾ?

ਇੱਕ ਵਿਅਕਤੀ ਜਿਸਨੂੰ ਟੀਕਾ ਲਗਾਇਆ ਗਿਆ ਹੈ, ਕਲੀਨਿਕ ਛੱਡਣ ਤੋਂ ਬਾਅਦ ਉਸਨੂੰ ਐਲਰਜੀ ਪ੍ਰਤੀਕਿਰਿਆ ਹੋ ਸਕਦੀ ਹੈ। ਜੇਕਰ ਤੁਹਾਨੂੰ ਕਿਸੇ ਗੰਭੀਰ ਐਲਰਜੀ ਪ੍ਰਤੀਕਿਰਿਆ (ਪਿੱਤ, ਚਿਹਰੇ ਅਤੇ ਗਲੇ ਦੀ ਸੋਜ, ਸਾਹ ਲੈਣ ਵਿੱਚ ਮੁਸ਼ਕਲ, ਤੇਜ਼ ਧੜਕਣ, ਚੱਕਰ ਆਉਣਾ, ਜਾਂ ਕਮਜ਼ੋਰੀ) ਦੇ ਲੱਛਣ ਵਿਖਾਈ ਦਿੰਦੇ ਹਨ, ਤਾਂ 9-1-1 'ਤੇ ਕਾੱਲ ਕਰੋ ਅਤੇ ਲੱਛਣ ਵਾਲੇ ਵਿਅਕਤੀ ਨੂੰ ਕਿਸੇ ਨੇੜੇ ਦੇ ਹਸਪਤਾਲ ਲੈ ਜਾਓ।

ਹੋਰ ਲੱਛਣਾਂ ਲਈ ਜਿਨ੍ਹਾਂ ਬਾਰੇ ਤੁਸੀਂ ਚਿੰਤਤ ਹੋ, ਆਪਣੇ ਡਾਕਟਰ ਨੂੰ ਕਾੱਲ ਕਰੋ।

ਵੈਕਸੀਨ ਐਡਵਰਸ ਇਵੈਂਟ ਰਿਪੋਰਟਿੰਗ ਸਿਸਟਮ (VAERS) ਨੂੰ ਪ੍ਰਤੀਕੂਲ ਪ੍ਰਤੀਕਿਰਿਆਵਾਂ ਦੀ ਰਿਪੋਰਟ ਕੀਤੀ ਜਾਣੀ ਚਾਹੀਦੀ ਹੈ। ਆਮ ਤੌਰ 'ਤੇ ਤੁਹਾਡਾ ਡਾਕਟਰ ਇਹ ਰਿਪੋਰਟ ਦਰਜ ਕਰੇਗਾ, ਜਾਂ ਤੁਸੀਂ ਇਹ ਆਪਣੇ ਆਪ ਵੀ ਕਰ ਸਕਦੇ ਹੋ। **www.vaers.hhs.gov** 'ਤੇ VAERS ਦੀ ਵੈੱਬਸਾਈਟ 'ਤੇ ਜਾਓ ਜਾਂ **1-800-822-7967** 'ਤੇ ਕਾੱਲ ਕਰੋ। VAERS ਸਿਰਫ ਪ੍ਰਤੀਕਿਰਿਆਵਾਂ ਦੀ ਰਿਪੋਰਟ ਕਰਨ ਲਈ ਹੈ, ਅਤੇ VAERS ਸਟਾਫ ਕੋਈ ਡਾਕਟਰੀ ਸਲਾਹ ਨਹੀਂ ਦਿੰਦਾ ਹੈ।

## 6. ਨੈਸ਼ਨਲ ਵੈਕਸੀਨ ਇੰਜਰੀ ਕੰਪਨਸੇਸ਼ਨ ਪ੍ਰੋਗਰਾਮ

ਨੈਸ਼ਨਲ ਵੈਕਸੀਨ ਇੰਜਰੀ ਕੰਪਨਸੇਸ਼ਨ ਪ੍ਰੋਗਰਾਮ (VICP) ਇੱਕ ਸੰਘੀ ਪ੍ਰੋਗਰਾਮ ਹੈ ਜੋ ਉਹਨਾਂ ਲੋਕਾਂ ਨੂੰ ਮੁਆਵਜ਼ਾ ਦੇਣ ਲਈ ਬਣਾਇਆ ਗਿਆ ਸੀ ਜੋ ਕਿਸੇ ਵੈਕਸੀਨ ਲੈਣ ਨਾਲ ਜ਼ਖਮੀ ਹੋ ਸਕਦੇ ਹਨ। ਟੀਕਾਕਰਨ ਦੇ ਕਾਰਨ ਕਥਿਤ ਸੱਟ ਜਾਂ ਮੌਤ ਦੇ ਸੰਬੰਧ ਵਿੱਚ ਦਾਅਵੇ ਦਾਇਰ ਕਰਨ ਲਈ ਇੱਕ ਸਮੇਂ ਸੀਮਾ ਹੈ, ਜੋ ਕਿ ਦੋ ਸਾਲਾਂ ਤੋਂ ਘੱਟ ਹੋ ਸਕਦੀ ਹੈ। ਪ੍ਰੋਗਰਾਮ ਬਾਰੇ ਜਾਣਕਾਰੀ ਅਤੇ ਦਾਅਵਾ ਦਾਇਰ ਕਰਨ ਲਈ, VICP ਦੀ ਵੈੱਬਸਾਈਟ **www.hrsa.gov/vaccinecompensation** 'ਤੇ ਜਾਓ ਜਾਂ **1-800-338-2382** 'ਤੇ ਕਾੱਲ ਕਰੋ।

## 7. ਮੈਂ ਹੋਰ ਜਾਣਕਾਰੀ ਕਿਵੇਂ ਪ੍ਰਾਪਤ ਕਰ ਸਕਦਾ ਹਾਂ?

- ਆਪਣੇ ਡਾਕਟਰ ਨੂੰ ਪੁੱਛੋ।
- ਆਪਣੇ ਸਥਾਨਕ ਜਾਂ ਰਾਜ ਦੇ ਸਿਹਤ ਵਿਭਾਗ ਨੂੰ ਕਾੱਲ ਕਰੋ।
- ਵੈਕਸੀਨ ਪੈਕੇਜ ਇੰਸਰ੍ਟ੍ਸ ਅਤੇ ਹੋਰ ਜਾਣਕਾਰੀ ਲਈ ਫੂਡ ਐਂਡ ਡਰੱਗ ਐਡਮਿਨਿਸਟ੍ਰੇਸ਼ਨ (FDA) ਦੀ ਵੈੱਬਸਾਈਟ **www.fda.gov/vaccines-blood-biologics/vaccines** 'ਤੇ ਜਾਓ।
- ਸੈਂਟਰ ਫਾਰ ਡਿਜ਼ੀਜ਼ ਕੰਟਰੋਲ ਐਂਡ ਪ੍ਰਿਵੈਂਸ਼ਨ (CDC) ਨਾਲ ਸੰਪਰਕ ਕਰੋ:
  - **1-800-232-4636** (**1-800-CDC-INFO**) 'ਤੇ ਕਾੱਲ ਕਰੋ ਜਾਂ
  - CDC ਦੀ ਵੈੱਬਸਾਈਟ **www.cdc.gov/vaccines** 'ਤੇ ਜਾਓ।

Punjabi translation of MMR VIS provided by California Department of Public Health, Immunization Program